Department of
Education

GOVERNMENT OF
WESTERN AUSTRALIA

# ਵੈਸਟਰਨ ਆਸਟ੍ਰੇਲੀਅਨ ਸਰਟੀਫ਼ਿਕੇਟ ਆਫ਼ ਐਜੂਕੇਸ਼ਨ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

### WACE ਅਤੇ WASSA

ਵੈਸਟਰਨ ਆਸਟ੍ਰੇਲੀਅਨ ਸਰਟੀਫ਼ਿਕੇਟ ਆਫ਼ ਐਜੂਕੇਸ਼ਨ (WACE) ਆਸਟ੍ਰੇਲੀਆ ਦੇ ਯੋਗਤਾ ਫਰੇਮਵਰਕ (Australian Qualifications Framework) ਵਿੱਚ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸੀਨੀਅਰ ਸਕੂਲ ਦਾ ਸਰਟੀਫ਼ਿਕੇਟ ਹੈ। WACE ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਸੀਨੀਅਰ ਸੈਕੰਡਰੀ ਸਕੂਲ ਦੀ ਦੋ ਸਾਲ ਦੀ ਪੜ੍ਹਾਈ ਸਫ਼ਲਤਾਪੂਰਵਕ ਪੂਰੀ ਕੀਤੀ ਹੈ ਅਤੇ ਲੋੜੀਂਦਾ ਮਿਆਰ ਪ੍ਰਾਪਤ ਕੀਤਾ ਹੈ। WACE ਨੂੰ ਯੂਨੀਵਰਸਿਟੀਆਂ, ਉਦਯੋਗ ਅਤੇ ਹੋਰ ਸਿਖਲਾਈ ਪ੍ਰਦਾਤਾਵਾਂ ਦੁਆਰਾ ਮਾਨਤਾ ਪ੍ਰਾਪਤ ਹੈ।

ਸਾਰੇ ਵਿਦਿਆਰਥੀ ਜਦੋਂ 12ਵੀਂ ਜਮਾਤ ਪੂਰੀ ਕਰਦੇ ਹਨ ਤਾਂ ਉਹ ਵੈਸਟਰਨ ਆਸਟ੍ਰੇਲੀਅਨ ਸਟੇਟਮੈਂਟ ਆਫ਼ ਸਟੂਡੈਂਟ ਅਚੀਵਮੈਂਟ (WASSA) ਪ੍ਰਾਪਤ ਕਰਦੇ ਹਨ। WASSA ਰਸਮੀ ਤੌਰ 'ਤੇ ਸੀਨੀਅਰ ਸੈਕੰਡਰੀ ਸਕੂਲ ਮੁਕੰਮਲ ਕਰਦੇ ਸਮੇਂ ਪੂਰੇ ਕੀਤੇ ਗਏ ਹਰੇਕ ਕੋਰਸ, ਯੋਗਤਾ ਅਤੇ ਪ੍ਰੋਗਰਾਮ ਵਿੱਚ ਵਿਦਿਆਰਥੀ ਦੀ ਪ੍ਰਾਪਤੀ ਨੂੰ ਰਿਕਾਰਡ ਕਰਦਾ ਹੈ।

### WACE ਦੀਆਂ ਕੀ ਸ਼ਰਤਾਂ ਹਨ?

WACE ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ:

1. ਇਨ੍ਹਾਂ ਤਿੰਨ ਕੋਰਸ ਸੁਮੇਲ ਵਿਕਲਪਾਂ ਵਿੱਚੋਂ ਇੱਕ ਨੂੰ ਪੂਰਾ ਕਰਨਾ ਚਾਹੀਦਾ ਹੈ:
   - 12ਵੀਂ ਜਮਾਤ ਦੇ ਘੱਟੋ-ਘੱਟ ਚਾਰ ATAR ਕੋਰਸ, ਜਾਂ
   - 12ਵੀਂ ਜਮਾਤ ਦੇ ਘੱਟੋ-ਘੱਟ ਪੰਜ ਜਨਰਲ ਕੋਰਸ ਅਤੇ/ਜਾਂ ATAR ਕੋਰਸ,
   - ATAR, ਜਨਰਲ ਜਾਂ ਫਾਊਂਡੇਸ਼ਨ ਕੋਰਸ ਦੇ ਨਾਲ ਸਰਟੀਫਿਕੇਟ II ਜਾਂ ਉੱਚ VET ਯੋਗਤਾ ਪੂਰੀ ਕਰਨੀ।
2. ਸਾਖਰਤਾ ਅਤੇ ਸੰਖਿਆ ਦੇ ਲੋੜੀਂਦੇ ਮਿਆਰ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ।
3. ਪੜ੍ਹਾਈ ਦੀਆਂ ਵਿਆਪਕ ਸ਼ਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ।
4. ਪ੍ਰਾਪਤੀ ਦੇ ਮਿਆਰ ਨੂੰ ਪੂਰਾ ਕਰਨਾ ਚਾਹੀਦਾ ਹੈ।

### WACE ਪੜ੍ਹਾਈ ਦੇ ਵਿਕਲਪ ਕੀ ਹਨ?

ਵਿਦਿਆਰਥੀਆਂ ਨੂੰ ਪੜ੍ਹਾਈ ਦੇ ਤਿੰਨ ਵਿਕਲਪ ਪੇਸ਼ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਉਹ ਮਰਜ਼ੀ ਨਾਲ ਚੁਣ ਅਤੇ ਕਰ ਸਕਦੇ ਹਨ:

- ATAR, ਜਨਰਲ, ਫਾਊਂਡੇਸ਼ਨ ਅਤੇ VET ਉਦਯੋਗ ਵਿਸ਼ੇਸ਼ ਸਮੇਤ WACE ਕੋਰਸ
- VET ਪ੍ਰੋਗਰਾਮ
- ਸਮਰਥਨ ਹਾਸਲ ਪ੍ਰੋਗਰਾਮ।

### ਸਾਖਰਤਾ ਅਤੇ ਅੰਕ-ਗਿਆਨ ਦੀਆਂ ਮਿਆਰੀ ਸ਼ਰਤਾਂ

ਵਿਦਿਆਰਥੀਆਂ ਨੂੰ ਇਨ੍ਹਾਂ ਵਿੱਚੋਂ ਕਿਸੇ ਨਾਲ ਸਾਖਰਤਾ ਅਤੇ ਅੰਕ-ਗਿਆਨ ਦੇ ਘੱਟੋ-ਘੱਟ ਮਾਪਦੰਡਾਂ ਦਾ ਪ੍ਰਦਰਸ਼ਨ ਕਰਨਾ ਲਾਜ਼ਮੀ ਹੈ:

- 9ਵੀਂ ਜਮਾਤ ਦੇ NAPLAN ਟੈਸਟ ਦੇ ਪੜ੍ਹਨ, ਲਿਖਣ ਅਤੇ/ਜਾਂ ਅੰਕ-ਗਿਆਨ ਦੇ ਭਾਗਾਂ ਵਿੱਚ ਬੈਂਡ 8 ਜਾਂ ਇਸਤੋਂ ਵੱਧ ਪ੍ਰਾਪਤ ਕਰਨਾ
- ਔਨਲਾਈਨ ਸਾਖਰਤਾ ਅਤੇ ਅੰਕ-ਗਿਆਨ ਮੁਲਾਂਕਣਾਂ (OLNA) ਨੂੰ ਸਫ਼ਲਤਾਪੂਰਵਕ ਪੂਰਾ ਕਰਨਾ।

D23/0257102
February 2023

Exclusions may apply

## ਵਿਆਪਕ ਲੋੜਾਂ

ਵਿਦਿਆਰਥੀਆਂ ਨੂੰ  ਸੀਨੀਅਰ ਸਕੂਲਿੰਗ ਵਿੱਚ ਘੱਟੋ-ਘੱਟ 20 ਯੂਨਿਟਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ, ਜਿਸ ਵਿੱਚ ਸ਼ਾਮਲ ਹਨ:

- 10ਵੀਂ ਜਮਾਤ ਵਿੱਚ ਘੱਟੋ-ਘੱਟ 12 ਯੂਨਿਟਾਂ, ਜਾਂ ਇਸ ਦੇ ਬਰਾਬਰ ਦੀਆਂ ਸੀਮਤ ਗਿਣਤੀ VET ਯੋਗਤਾਵਾਂ ਅਤੇ ਸਮਰਥਨ ਪ੍ਰਾਪਤ ਪ੍ਰੋਗਰਾਮਾਂ ਵਿੱਚੋਂ ਲਈਆਂ ਗਈਆਂ ਯੂਨਿਟਾਂ।
- ਅੰਗਰੇਜ਼ੀ ਸਿੱਖਣ ਦੇ ਖੇਤਰ ਦੇ ਕੋਰਸ ਤੋਂ ਚਾਰ ਯੂਨਿਟਾਂ, 10ਵੀਂ ਜਮਾਤ ਤੋਂ ਬਾਅਦ, ਅੰਗਰੇਜ਼ੀ ਸਿੱਖਣ ਦੇ ਖੇਤਰ ਦੇ ਕੋਰਸ ਤੋਂ 12ਵੀਂ ਜਮਾਤ ਦੀਆਂ ਯੂਨਿਟਾਂ ਵਿੱਚੋਂ ਘੱਟੋ-ਘੱਟ ਇੱਕ ਜੋੜੀ ਸਮੇਤ।
- ਸੂਚੀ A (ਕਲਾ, ਭਾਸ਼ਾਵਾਂ, ਸਮਾਜਿਕ ਵਿਗਿਆਨ) ਤੋਂ 12ਵੀਂ ਜਮਾਤ ਦੀਆਂ ਯੂਨਿਟਾਂ ਦਾ ਇੱਕ ਜੋੜਾ ਅਤੇ
- ਸੂਚੀ B (ਗਣਿਤ, ਵਿਗਿਆਨ, ਤਕਨਾਲੋਜੀ) ਵਿੱਚੋਂ 12ਵੀਂ ਜਮਾਤ ਦੀਆਂ ਯੂਨਿਟਾਂ ਦਾ ਇੱਕ ਜੋੜਾ।

## ਪ੍ਰਾਪਤੀ ਮਿਆਰ ਦੀਆਂ ਸ਼ਰਤਾਂ

ਵਿਦਿਆਰਥੀਆਂ ਨੂੰ 11ਵੀਂ ਜਮਾਤ ਅਤੇ 12ਵੀਂ ਜਮਾਤ ਦੀਆਂ ਯੂਨਿਟਾਂ ਵਿੱਚ ਘੱਟੋ-ਘੱਟ 14 'ਸੀ' ਗ੍ਰੇਡ ਜਾਂ ਇਸ ਦੇ ਬਰਾਬਰ ਪ੍ਰਾਪਤ ਕਰਨਾ ਲਾਜ਼ਮੀ ਹੈ, ਜਿਸ ਵਿੱਚ 12ਵੀਂ ਜਮਾਤ ਦੀਆਂ ਯੂਨਿਟਾਂ ਵਿੱਚ ਘੱਟੋ-ਘੱਟ 6 'ਸੀ' ਗ੍ਰੇਡ ਜਾਂ ਇਸ ਦੇ ਬਰਾਬਰ ਦੇ ਅੰਕ ਪ੍ਰਾਪਤ ਕਰਨਾ ਸ਼ਾਮਲ ਹਨ।


D23/0257102
February 2023
Exclusions may apply